# ਵਿਕਾਸ ਲੜਾਈਆਂ ਰੋਕਣ 'ਚ ਸਹਾਈ ਨਹੀਂ ਹੋ ਪਾ ਰਿਹਾ

ਬਚਾਅ ਲਈ ਅਤੇ ਦੂਜਿਆਂ ਉੱਤੇ ਕਾਬੂ ਕਰਨ ਲਈ ਇਨਸਾਨ ਨੂੰ ਹਥਿਆਰ ਬਣਾਉਣੇ ਪਏ। ਪੱਥਰਾਂ ਸੋਟਿਆਂ ਤੋਂ ਸ਼ੁਰੂ ਹੋ ਕੇ ਡਾਂਗਾਂ, ਬਰਛੀਆਂ, ਕਿਰਪਾਨ, ਬੰਦੂਕਾਂ, ਤੋਪਾਂ, ਟੈਂਕ ਪਣਡੁੱਬੀਆਂ, ਜਹਾਜ, ਮਿਸਾਈਲਾਂ ਤੇ ਹੁਣ ਹੋਰ ਏਨਾ ਕੁਝ ਹੈ ਕਿ ਕੀ ਕੀ ਗਿਣਾਈਏ। ਇਉਂ ਵੀ ਲੱਗਦਾ ਹੈ ਕਿ ਇਹਨਾਂ ਹਥਿਆਰਾਂ ਦੀ ਬੰਦੇ ਨੂੰ ਸਖਤ ਲੋੜ ਸੀ। ਇਸੇ ਕਰਕੇ ਇਨ੍ਹਾਂ ਹਥਿਆਰਾਂ ਨੂੰ ਬਣਾਉਣ ਅਤੇ ਚਲਾਉਣ ਦੀ ਮੁਹਾਰਤ ਅਤੇ ਦਲੇਰੀ ਰੱਖਣ ਵਾਲੇ ਬੰਦੇ ਵੱਡੇ ਹੀਰੋ ਰਹੇ ਹਨ। ਅੱਜ ਵੀ ਹਨ ਅਤੇ ਉੱਚੇ ਅਹੁਦਿਆਂ ਤੇ ਬੈਠੇ ਹਨ। ਇਥੋਂ ਤੱਕ ਕਿ ਬਹੁਤੇ ਧਾਰਮਿਕ ਆਗੂ ਯੁੱਗ ਕਲਾ ਵਿਚ ਵੀ ਨਿਪੁੰਨ ਸਨ।

ਇਹ ਹਕੀਕਤ ਹੈ ਕਿ ਧਰਤੀ ਉੱਤੇ ਇਨਸਾਨੀ ਸਮਾਜ ਉਨ੍ਹਾ ਦੂਜੇ ਜੀਵ ਜੰਤੂਆਂ ਨਾਲ ਨਹੀਂ ਲੜਿਆ ਜਿੰਨਾ ਆਪਸ ਵਿਚ ਲੜਿਆ ਮਰਿਆ ਹੈ। ਬਾਕੀ ਤਾਂ ਛੱਡੋ, ਆਖਣਗੇ ਫਲਣਾ ਯੁੱਗ ਸੀ ਢੀਂਗੜਾ ਯੁੱਗ ਸੀ, ਆਹ ਪਿਛਲੀ ਵੀਂਹਵੀਂ ਸਦੀ ਦੀ ਗੱਲ ਕਰਦੇ ਹਾਂ, ਜਿਹਨੂੰ ਕਹਿੰਦੇਹਨ ਕਿ ਇਹ ਪੜ੍ਹਾਈ ਲਿਖਾਈ ਦੀ ਅਤੇ ਸੂਝ-ਬੂਝ ਦੀ ਸਦੀ ਹੈ। ਇਸ ਸਦੀਵਿਚ 6 ਕਰੋੜ ਦੇ ਲਗਭਗ ਬੰਦੇ ਆਪਸੀ ਜੰਗਾਂ ਯੁੱਧਾਂ 'ਚ ਮਾਰੇ ਗਏ ਹਨ। ਇਸਦਾ ਮਤਲਬ ਏਹੋ ਨਿਕਲਦਾ ਹੈ ਕਿ ਇਹ ਵਿਕਾਸ ਸਾਜੋ ਸਮਾਨ ਵੱਧਣ ਵਾਲੇ ਪਾਸੇ ਨੂੰ ਤਾਂ ਹੈ ਪਰ ਇਹ ਇਨਾਸਾਨ ਸਮਾਜ ਦੀ ਸਾਂਝ ਬਣਨ ਜਾਂ ਬੰਦਿਆਂ ਦੀ ਭਲਾਈ ਸੋਚਣ ਵੱਲ ਨੂੰ ਵਿਕਾਸ ਨਹੀਂ ਹੈ।

ਚਲੋ ਆਪਾਂ ਇੰਜ ਮੰਨ ਲੈਂਦੇ ਹਾਂ ਕਿ ਪਹਿਲਾਂ ਹਰ ਦੇਸ਼/ਕੌਮ/ਬੰਦਾ ਜ਼ੋਰ ਨਾਲ ਜਿੱਥੇ ਮਰਜ਼ੀ ਕਬਜ਼ਾ ਕਰੀ ਫਿਰਦਾ ਸੀ। ਕੋਈ ਅੰਤਰਰਾਸ਼ਟਰੀ ਕਾਇਦਾ ਕਾਨੂੰਨ ਨਹੀਂ ਸੀ। ਇਸ ਕਰਕੇ ਇਹ ਕੁਝ ਹੋਣਾ ਸੀ। ਸੋ ਇਵੇਂ ਕਰਦੇ ਹਾਂ ਕਿ ਹੁਣ ਦੇ ਹਾਲਾਤ 'ਤੇ ਨਿਗਾਹ ਮਾਰ ਲੈਂਦੇ ਹਾਂ। ਹੁਣ ਲਗਭਗ ਸਭ ਦੁਨੀਆਂ ਦੇ ਦੇਸ਼ਾਂ ਦੀਆਂ ਹੱਦਾਂ ਨਿਸਚਿਤ ਹਨ। ਆਪਣੀਆਂ-ਆਪਣੀਆਂ ਸਰਕਾਰਾਂ ਹਨ। ਕਾਇਦੇ ਕਾਨੂੰਨ, ਸੰਵਿਧਾਨ ਹਨ ਅਤੇ ਇਸਦੇ ਨਾਲ ਅੰਤਰਰਾਸ਼ਟਰੀ ਕਾਇਦੇ ਕਾਨੂੰਨਾਂ ਲਈ ਯੂ.ਐਨ.ਓ ਵੀ ਹੈ। ਕਹਿੰਦੇ ਹਨ ਕਿਬੰਦੇ ਵੀ ਪਹਿਲੋਂ ਨਾਲੋਂ ਜ਼ਿਆਦਾ ਸਿਆਣੇ ਹੋ ਗਏ ਹਨ। ਅਖੇ ਹੁਣ ਬੀਬੀਆਂ ਵੀ ਸਿਆਸਤ 'ਚ ਹਨ, ਜਿਹੜੀਆਂ ਆਦਮੀਆਂ ਵਾਂਗੂੰ ਉਜੱੜ ਨਹੀਂ ਹੁੰਦੀਆਂ। ਇਹਨਾਂ 'ਚ ਹਯਾ-ਦਯਾ ਵੱਧ ਹੁੰਦੀ ਤੇ ਇਸ ਵਕਤ ਹਾਲਾਤਕੀ ਹਨ?

ਇਸ ਵਕਤ ਹਾਲਾਤ ਇਹ ਹਨ ਕਿ ਚੰਦ ਤਕੜੀ। ਨਾ ਧਰਤੀ ਤੇ ਨਾ ਅਸਮਾਨ ਵਿਚ, ਖੰਘ ਨੀ ਸਕਦਾ ਕੋਈ। ਅਤੇ ਨਾਲ ਦੀ ਨਾਲ ਇਹ ਹੈ ਕਿ ਉਹਨਾਂ ਨੇ ਜੁੰਡਲੀਆਂ ਬਣਾ ਲਈਆਂ ਹਨ। ਕੋਈ 'ਨਾਟੋ ਫੌਜੀ ਗਠਜੋੜ', ਕੋਈ ਯੂਰਪੀ ਯੂਨੀਅਨ'। ਇਸੇ ਤਰ੍ਹਾਂ ਯੂ. ਐਨ.ਓ. ਨੂੰ ਵੀ ਆਪਣੇ ਫਾਇਦੇ ਦਾਮਤਾ ਪਾਸ ਕਰਨ ਲਈ ਰੱਖਿਆ ਹੈ। ਜਿਹੜਾਜੀਅ ਕਰੇ ਯੂ.ਐਨ.ਓ ਦਾ ਮਤਾ ਮੰਨ ਲੈਂਦੇ ਹਨ, ਜਿਹੜਾ ਜੀਅ ਕਰੇ ਨਹੀਂ ਮੰਨਦੇ। ਕੋਈ ਪੁੱਛਣ ਵਾਲਾ ਨਹੀਂ। ਪੁੱਛਣਾ ਕੀਹਨੇ,? ਤਕੜਿਆਂ ਨੂੰ ਅੱਜ ਤੱਕ ਕਦੀ ਪੁੱਛਿਆ ਕਿਸੇ ਨੇ? ਗੱਲ ਇਥੇ ਪਹੁੰਚੀ ਹੋਈ ਹੈ ਕਿ ਕੋਈ 8-10 ਮੁਲਕ ਹੋਣਗੇ ਜਿੰਨ੍ਹਾ ਕੋਲ ਪ੍ਰਮਾਣੂ ਤੇਹੋਰ ਖਤਰਨਾਕ ਹਥਿਆਰ ਹਨ।2-4 ਦੇਸ਼ਾਂ ਕੋਲ ਲੁਕਵੇਂ ਵੀ ਹੋਣਗੇ। ਏਹੋ ਜਹੇ ਹਥਿਆਰ ਪਈ! ਜੇ ਕਿਤੇ ਚੱਲ ਜਾਣ ਤਾਂ ਸਾਰੀ ਧਰਤੀ ਤੂੰਬਾ-ਤੂੰਬਾ ਉੱਡ ਜਾਵੇ ਤੇ ਇਥੇ ਕੋਈ ਜੀਅ ਪਰਿੰਦਾ ਨਾ ਲੱਭੇ। ਜਿੰਨ੍ਹਾ ਮੁਲਕਾਂ ਕੋਲ ਆਪ ਪ੍ਰਮਾਣੂ ਹਥਿਆਰ ਹਨ ਉਹ ਦੂਜੇ ਦੇਸ਼ਾਂ ਨੂੰ ਮਤਾ ਦਿੰਦੇ ਹਨ ਕਿ 'ਵੇਖੋ ਬਈ ਲਾਂਗੜ ਭੂੰਗੜ ਸਭ ਇਧਰ ਆਓ ਤੇ ਸਾਡੀ ਗੱਲ ਸੁਣੋ। ਇਹ ਪ੍ਰਮਾਣੂ ਹਥਿਆਰ ਬਣਾਉਣੇ ਬੜੀ ਮਾੜੀ ਗੱਲ ਹੁੰਦੀ ਆਂ। ਤੁਹਾਨੂੰ ਨਹੀਂ ਬਣਾਉਣੇ ਚਾਹੀਦੇ ਜੇ ਬਣਾਓਗੇ ਤਾਂ ਅਸੀਂ ਤੁਹਾਡੀਆਂ ਮੁਸ਼ਕਾਂ ਬੰਨ੍ਹਾਂਗੇ, ਤੁਹਾਡੇ ਐਸਾ ਨਾ ਸੀ ਧੂੰ ਦਿਆਂਗੇ ਕੀ ਯਾਦ ਰੱਖੋਗੇ।' ਇਥੇ ਤੱਕ ਕਿ ਉਹ ਬਾਕੀ ਸਾਰੇ ਦੇਸ਼ਾਂ ਕੋਲੋਂ ਐਸੇ ਸਮਝੌਤਿਆਂ ਉੱਤੇ ਦਸਤਖਤ ਵੀ ਕਰਾਉਣਾ ਚਾਹੁੰਦੇ ਹਨ ਕਿ ਸਾਡੇ ਕੋਲ ਇਹ ਸਾਰੇ ਤਬਾਹੀ ਵਾਲੇ ਹਥਿਆਰ ਰਹਿਣਗੇ। ਅਸੀਂ ਹੋਰ ਵੀ ਜਿੰਨੇ ਜੀਅ ਕਰੂ ਬਣਾਵਾਂਗੇ ਪਰ ਬਾਕੀ ਦੁਨੀਆਂ ਨਹੀਂ ਬਣਾ ਸਕੇਗੀ। ਇਸ ਨੂੰ 'ਸੀ.ਟੀ.ਬੀ.ਟੀ. ਕਹਿੰਦੇ ਹਨ ਜੀਹਦਾ ਪੱਤਾ ਲੱਗਜੇ ਕਿ ਉਹ ਬਣਾਉਣ ਲੱਗਾ ਹੈ। ਇਰਾਨ, ਲਿਬੀਆ, ਉੱਤਰੀ ਕੋਰੀਆ, ਉਹਦੇ ਗੱਲ ਪੈਣ ਨੂੰ ਕਰਦੇ ਹਨ।

ਸੋ ਭਰਾਓ ਅੱਜ ਦੀ ਤਰੀਕ ਦੀ ਸਚਾਈ ਇਹ ਹੈ ਕਿ ਦੁਨੀਆਂ ਦੇ ਸਭ ਦੇਸ਼ ਪੂਰੇ ਜ਼ੋਰ ਨਾਲ ਹਥਿਆਰ ਬਣਾਉਣ ਲੱਗੇ ਹੋਏ ਹਨ। ਬੰਦੇ ਨੂੰਮਾਰਨ ਲਈ ਹੋਰ ਕਿਤੇ ਸ਼ੇਰ, ਹਾਥੀ, ਹਿਰਨ ਥੋੜਾ ਮਾਰਨੇ ਇਹਨਾ ਨਾਲ ਜਾਨਵਰ ਮਾਰਨ ਦੀ ਤਾਂ ਹੁਣ ਹਰ ਕਿਤੇ ਵੈਸੇ ਹੀ ਮਨਾਹੀ ਹੈ। ਹੁਣ ਬੰਦਾ ਹੀ 'ਜਾਨਵਰ' ਹੈ।

ਇਸਨੂੰ ਮਾਰਨ ਲਈ ਖਤਰਨਾਕ ਤੋਂ ਖਤਰਨਾਕ ਹਥਿਆਰ ਬਣਾਉਣ ਲਈ ਜੁੱਟੀਆਂ ਪਈਆਂ ਹਨ ਸਭ ਮੁਲਕਾਂ ਦੀਆਂ ਸਰਕਾਰਾਂ, ਕੋਈ ਚੋਰੀ, ਕੋਈ ਸ਼ਾਦੀ, ਕਿਸੇ ਨੇ ਨਹੀਂ ਹਟਣਾ। ਇਸੇ ਤਰ੍ਹਾਂ ਜੁੱਟੀਆਂ ਰਹਿਣਾ ਹੈ। ਤਕੜਿਆਂ ਨੇ ਲੁੱਟਣ ਦਾ ਸ਼ਿਕੰਜਾ ਬਣਾਈ ਰੱਖਣ ਲਈ ਤੇ ਮਾੜਿਆਂ ਨੇ ਡਰਦੇ ਮਾਰੇ। ਇਸੇ ਤਰ੍ਹਾਂ ਜੁੱਟੇ ਰਹਿਣਾਹੈ।

ਧਰਤੀ ਉੱਤੇ ਇਨਸਾਨ ਅਜੇ ਭੁੱਖਾ ਨੰਗਾ ਹੈ, ਅਨਪੜ੍ਹ ਹੈ। ਅਕਲੋਂ ਕੋਰਾ ਹੈ। ਬੜੇਮਸਲੇ ਨੇ ਇਨਸਾਨੀਅਤ ਦੇ।

ਇਸ ਵਕਤ ਸੰਭਾਵਨਾ ਹੋ ਰਹੀ ਸੀ ਕਿ ਅੰਤਰਰਾਸ਼ਟਰੀ ਮੰਚਾਂ ਨੂੰ ਤਕੜਿਆਂ ਕੀਤਾ ਜਾਂਦਾ। ਇਨਸਾਨ ਵੱਲੋਂ ਇਨਸਾਨ ਨੂੰ ਮਾਰਨਾ ਰੋਕ ਕੇ ਇਨਸਾਨੀਅਤ ਦੀ ਭਲਾਈ ਦੀ ਗੱਲ ਕੀਤੀ ਜਾਂਦੀ, ਪਰ ਨਹੀਂ।

ਅਜੇ ਵੀ ਸਭ ਦੇਸ਼ ਹਥਿਆਰਾਂ ਦੀ ਦੌੜ ਵਿਚ ਗਲਤਾਨ ਹਨ। ਧਰਤੀ ਉੱਤੇ, ਪਾਣੀਆਂ ਵਿਚ, ਆਕਾਸ਼ ਵਿਚ, ਪੁਲਾੜਵਿਚ ਖੂਨੀ ਜੰਗ ਲੜਨ ਲਈ ਜ਼ੋਰਦਾਰ ਤਿਆਰੀਆਂ ਜਾਰੀ ਹਨ।

ਬੰਦੇ ਵੱਲੋਂ ਬੰਦੇ ਨੂੰ ਮਾਰਨ ਲਈ ਸਾਰਾ ਜ਼ੋਰ ਲੱਗਾ ਹੈ ਪਰ ਇਨਸਾਨ ਦੀ ਕਦਰ ਕਰਨ, ਇਨਸਾਨ ਜੀਵਨ ਨੂੰ ਸੋਹਣਾ ਸੁਥਰਾ ਬਣਨ ਬਣਾਉਣ ਦਾ ਫਿਕਰ ਕਰਨ ਵੱਲ ਨੂੰ ਗੱਲ ਨਹੀਂ ਤੁਰ ਰਹੀ। ਜੇ ਹਥਿਆਰ ਬਣੂ ਤਾਂ ਜ਼ਰੂਰ ਕਿਸੇ ਨਾ ਕਿਸੇ ਦੇ ਸਿਰ 'ਚ ਵੱਜੂ।

ਤੇ ਵੱਜੂ ਵੀ ਮਾੜੇ ਦੇ।

ਤੇ ਬਣੂ ਵੀ ਗਰੀਬ ਦੇ ਮੂੰਹ ਚੋਂ ਰੋਟੀ ਖੋਹ ਕੇ। ਕੀ ਇਹ ਹਥਿਆਰਾਂ ਦੀ ਦੌੜ ਕਦੀ ਰੁਕੂ? ਅਜੇ ਤਾਂ ਕੋਈ ਸੰਭਾਵਨਾ ਨਹੀਂ ਜਾਪਦੀ। ਇਹ ਗੱਲ ਸੁਣ ਕੇ ਨਿਰਾਸ਼ ਹੋ ਜਾਈਏ ਕਿ ਖੁੰਦਕ ਖਾਈਏ, ਇਹ ਸਾਡੇ ਆਪਣੇ ਅਸਲੇ ਉੱਤੇ ਨਿਰਭਰ ਕਰਦਾ ਹੈ। 'ਗੋਹਾ' ਬੰਦਿਆਂ ਨੇ ਕਦੀ ਵੀ ਨਾ ਕੁਝ ਸੋਚਿਆ ਨਾ ਕੀਤਾ. ਇਹ ਆਪਾਂ ਨੂੰ ਪਤਾ ਵੀ ਆ।

**ਡਾ. ਸੁਰਿੰਦਰਪਾਲ ਸਿੰਘ ਮੰਡ**

## 'ਰਾਤ ਚਾਨਣੀ' ਨਾਟਕ ਨੂੰ ਦਰਸ਼ਕਾਂ ਵੱਲੋਂ ਮਿਲਿਆ ਭਰਵਾਂ ਹੁੰਗਾਰਾ



ਨਾਟਕ ਦਾ ਇਕ ਦ੍ਰਿਸ਼

ਬਰੈਂਪਟਨ 16 ਮਈ (ਅਜੀਤ ਬਾਗੜੀਆਂ):-ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਤਿਆਰ ਕੀਤੇ ਗਏ ਨਾਟਕ 'ਰਾਤ ਚਾਨਣੀ ' ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਇਹ ਨਾਟਕ ਚਿੰਗਕੂਅਜੀ ਸੈਕੰਡਰੀ ਸਕੂਲ ਵਿਖੇ ਕਰਵਾਇਆ ਗਿਆ ਸੀ। ਨਾਟਕ ਦੇ ਲੇਖਕ ਭੁਪਿੰਦਰ, ਨਿਰਦੇਸ਼ਕ ਬਲਜਿੰਦਰ ਲੇਲਣਾ ਅਤੇ ਕੁਲਦੀਪ ਰੰਧਾਵਾ ਵੱਲੋਂ ਪ੍ਰਦੇਸਾਂ ਵਿਚ ਵਸਣ ਦੇ ਦਰਦ, ਸਿਹਤ, ਆਰਥਿਕਤਾ ਅਤੇ ਕੁਦਰਤ ਦੀ ਕਰੋਪੀ ਨੇ ਕਿਸ ਤਰ੍ਹਾਂ ਇਕ ਦੁਖੀ ਪਰਿਵਾਰ ਨੂੰ ਮੁਸੀਬਤਾਂ ਦਾ ਸਾਹਮਣਾ ਕਰਨ ਅਤੇ ਮੁਸੀਬਤਾਂ ਵਿਚ ਘੁੱਟ ਘੁੱਟ ਕੇ ਜੀਂਦੇ ਰਹਿਣ ਦੀ ਹਾਲਤ ਨੂੰ ਬਹੁਤ ਹੀ ਖੂਬਸੂਰਤੀ ਨਾਲ ਬਿਆਨ ਕੀਤਾ ਗਿਆ ਹੈ। ਇਹ ਨਾਟਕ ਰੰਗ ਮੰਚ ਦੀ ਸਟੇਜ ਦੇ ਅਦਾਕਾਰ ਹਰਭਜਨ ਫਲੋਰਾ ਦੀ ਪਤਨੀ ਸਰਬਜੀਤ ਅਤੇ ਪੁੱਤਰ ਇਮਾਨਪਾਲ ਫਲੋਰਾ ਨੂੰ ਸਮਰਪਿਤ ਸੀ। ਇਸ ਨਾਟਕ ਵਿਚ ਕੈਨੇਡਾ ਵਿਚ ਵਸਦੇ ਪਰਿਵਾਰ ਦੀਆਂ ਸਮਾਜਿਕ ਔਕੜਾਂ, ਪ੍ਰਵਾਸ ਦੇ ਦਰਦ ਅਤੇ ਪਰਿਵਾਰਕ ਰਿਸ਼ਤਿਆਂ ਵਿਚ ਉਲਝੀ ਜ਼ਿੰਦਗੀ ਨੂੰ ਇਕ ਨਿਵੇਕਲੇ ਢੰਗ ਨਾਲ ਪੇਸ਼ ਕੀਤਾ ਗਿਆ। ਐਸੋਸੀਏਸ਼ਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਇਸ ਨਾਟਕ ਤੋਂ ਉਨ੍ਹਾਂ ਨੂੰ ਜੋ ਵੀ ਮੁਨਾਫਾ ਹੋਵੇਗਾ ਉਹ ਐਰਿਨਓਨ ਨਾਂ ਦੀ ਸੰਸਥਾ ਨੂੰ ਦਿੱਤਾ ਜਾਵੇਗਾ ਕਿਉਂਕਿ ਇਹ ਸੰਸਥਾ ਗਰੀਬ ਅਤੇ ਦੁਖੀ ਪਰਿਵਾਰਾਂ ਦੀ ਮਦਦ ਕਰਦੀ ਹੈ।

ਚੂਹੇ ਅਤੇ ਕਾਕਰੋਚਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਓ
* ਵਧੀਆ ਅਤੇ ਸੁਰੱਖਿਅਤ ਸੇਵਾਵਾਂ * ਲਿਖਤੀ ਗਰੰਟੀ, ਯੂਨੀਵਰਸਿਟੀ ਟਰੈਂਡ ਐਕਸਟਰਮੀਨੇਟਰ * ਪੰਜ ਸਾਲ ਦਾ ਤਜ਼ਰਬਾ
Mice, Cockroaches,
Spiders, Wasps, Ants and

ਭਾਗਾਂ ਵਿਚ ਲਿਖਿਆ ਕਦੇ ਕਦੇ ਸਮੇਂ 'ਤੇ ਕਿਉਂ ਨਹੀਂ ਮਿਲਦਾ
ਗੁੰਮਰਾਹ ਹੋਣ ਤੋਂ ਬਚੋ